Prepp
Your Personal Exams Guide

# PUNJABI LITERATURE (Code - 1202)

**Time : 3 Hours** **Maximum Marks : 150**

**Note :** Attempt **five** questions in all. All questions **carry equal** marks. **Question number 1** is **compulsory**. Answer **any two** questions from **Part-I** and **two** questions from **Part-II**. The parts of the same question must be answered together and must not be interposed between answers to other questions.

## ਲਾਜ਼ਮੀ

1. ਹੇਠ ਲਿਖਿਆਂ ਚੋਂ ਚਾਰ ਤੇ ਆਲੋਚਨਾਤਮਕ ਨੋਟ ਲਿਖੋ

(ੳ) ਗੁਰਮੁਖੀ ਲਿਪੀ ਪੰਜਾਬੀ ਭਾਸ਼ਾ ਲਈ ਸਭ ਤੋਂ ਯੋਗ ਤੇ ਵਿਗਿਆਨਕ ਲਿਪੀ ਹੈ। ਚਰਚਾ ਕਹੋ।

(ਅ) ਨਾਥ ਜੋਗੀਆਂ ਰਚਿਤ ਸਾਹਿਤ ਦਾ ਪੰਜਾਬੀ ਸਾਹਿਤ ਦੇ ਯੋਗਦਾਨ ਸੰਬੰਧੀ ਵਿਚਾਰ ਪ੍ਰਗਟ ਕਰੋ।

(ੲ) ਗੁਰੂ ਨਾਨਕ ਬਾਣੀ ਵਿੱਚ ਸਮਾਜਕ ਜੀਵਨ ਦੇ ਪ੍ਰਸੰਗ ਸੰਬਧੀ ਵਿਚਾਰ ਕਰੋ।

(ਸ) ਆਧੁਨਿਕ ਪੰਜਾਬੀ ਸਾਹਿਤ ਵਿਚ ਭਾਈ ਵੀਰ ਸਿੰਘ ਦਾ ਸਥਾਨ ਨਿਰਧਾਰਿਤ ਕਰੋ।

(ਹ) ਪੰਜਾਬੀ ਸਾਹਿਤ ਵਿਚ ਬਲਰਾਜ ਸਾਹਨੀ ਰਚਿਤ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਸੰਬੰਧੀ ਚਰਚਾ ਕਰੋ।

(ਕ) ਪੰਜਾਬੀ ਕਿੱਸਾ ਸਾਹਿਤ ਵਿੱਚ ਹੀਰ ਸਾਹਿਤ ਦਾ ਸਥਾਨ ਨਿਰਧਾਰਿਤ ਕਰੋ।

7.5×4=30

## ਭਾਗ-ਪਹਿਲਾ

2. ਪੰਜਾਬੀ ਲੋਕ ਗੀਤਾਂ ਵਿੱਚ ਰਿਸ਼ਤਾ ਨਾਤਾ ਪ੍ਰਬੰਧ ਤੇ ਕਿਹੜੇ ਰੂਪ ਸਰੂਪ ਕਿਸ ਅੰਦਾਜ਼ ਵਿੱਚ ਪੇਸ਼ ਹੋਏ ਹਨ। ਪੇਸ਼ ਕੀਤੇ ਗਏ ਔਰਤ ਦੀ ਮਾਨਸਿਕ ਸਥਿਤੀ ਸੰਬੰਧੀ ਚਰਚਾ ਕਰੋ। ਮਿਸਾਲਾਂ ਸਹਿਤ ਸਪਸ਼ਟ ਕਰੋ।

3. ਪੰਜਾਬੀ ਨਾਟਕ ਵਿੱਚ ਡਾ. ਹਰਚਰਨ ਸਿੰਘ ਤੇ ਪ੍ਰੋ: ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਸਮਾਜੀ ਪ੍ਰਸੰਗ ਸੰਬੰਧੀ ਚਰਚਾ ਕਰੋ।

4. ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਡਾ. ਅਤਰ ਸਿੰਘ ਦਾ ਸਥਾਨ ਨਿਰਧਾਰਿਤ ਕਰੋ।

2×30=60

## ਭਾਗ-ਦੂਜਾ

5. ਦਮੋਦਰ ਦੀ ਕਿੱਸਾ ਰਚਨਾ ਹੀਰ ਰਾਂਝਾ ਵਿੱਚ ਪੰਜਾਬ ਦੇ ਸੱਭਿਆਚਾਰ ਰੂਪਾਂਤਰ ਸੰਬੰਧੀ ਵਿਆਖਿਆ ਕਰੋ। ਹਵਾਲੇ ਦੇ ਕੇ ਗਲ ਸਪਸ਼ਟ ਕਰੋ।

6. ਨਾਨਕ ਸਿੰਘ ਦੇ ਨਾਵਲ ਪਵਿਤਰ ਪਾਪੀ ਵਿਚ ਮਾਨਵੀ ਕਦਰਾਂ ਦੇ ਸਰੂਪ ਸੰਬੰਧੀ ਚਰਚਾ ਕਰੋ।

7. ਗੁਰੂ ਨਾਨਕ ਰਚਿਤ 'ਆਸਾ ਦੀ ਵਾਰ' ਸਮਾਜੀ ਸਰੋਕਾਰਾਂ ਦੀ ਪ੍ਰਤੀਨਿਧ ਰਚਨਾ ਹੈ। ਚਰਚਾ ਕਰੋ।

2×30=60